

# ਖਾਲਿਸਤਾਨ ਕਾਲਿੰਗ

Khalistan Affairs Centre
956-National Press Building
Washington, DC
20045
Ph: 202-637-9210
Fax: 202-637-9211
Email: kacwashdc@yahoo.com
www.khalistan-affairs.org

ਡਾ. ਅਮਰਜੀਤ ਸਿੰਘ
ਵਾਸ਼ਿੰਗਟਨ ਡੀ. ਸੀ.
ਦੀ ਕਲਮ ਤੋਂ

---

## ਸੰਯੁਕਤ ਰਾਸ਼ਟਰ ਦੇ ਵਾਤਾਵਰਣ ਤਬਦੀਲੀ ਸਬੰਧੀ ਪੈਨਲ ਦੇ ਚੇਅਰਮੈਨ ਡਾ. ਰਾਜਿੰਦਰ ਕੁਮਾਰ ਪਚੌਰੀ ਦੇ 16,000 ਹਿਮਾਲੀਅਨ ਗਲੇਸ਼ੀਅਰਾਂ ਦੇ 2035 ਤੱਕ ਪਿਘਲਣ ਸਬੰਧੀ ਝੂਠੇ ਦਾਅਵੇ ਬੇਨਕਾਬ !

## ਬਰਤਾਨਵੀ ਅਖਬਾਰ ਟੈਲੀਗ੍ਰਾਫ ਨੇ ਸੰਯੁਕਤ ਰਾਸ਼ਟਰ ਦੇ ਵਾਤਾਵਰਣ ਤਬਦੀਲੀ ਸਬੰਧੀ ਪੈਨਲ ਦੇ ਵਿਵਾਦਤ ਚੇਅਰਮੈਨ ਡਾ. ਰਾਜਿੰਦਰ ਕੁਮਾਰ ਪਚੌਰੀ ਦੇ ਖਿਲਾਫ ਇਹ ਵੀ ਦੋਸ਼ ਲਗਾਏ ਹਨ ਕਿ ਉਸਨੇ ਬਰਤਾਨਵੀ ਕਰਦਾਤਾਵਾਂ ਦੇ ਲੱਖਾਂ ਪੌਂਡ ਭਾਰਤ ਵਿੱਚ ਆਪਣੇ ਦੁਆਰਾ ਚਲਾਈ ਜਾਂਦੀ ਇੱਕ ਸੰਸਥਾ ਨੂੰ ਦਿੱਤੇ ਹਨ !

## *ਡਾ. ਰਾਜਿੰਦਰ ਕੁਮਾਰ ਪਚੌਰੀ ਦੇ ਅਸਤੀਫੇ ਦੀ ਮੰਗ ਉੱਠੀ !*

ਵਾਸ਼ਿੰਗਟਨ ਡੀ. ਸੀ. (ਬੁੱਧਵਾਰ 3 ਫਰਵਰੀ, 2010) – ਲੰਦਨ ਤੋਂ ਛਪਦੇ ਇੱਕ ਸੰਸਾਰ ਪ੍ਰਸਿੱਧ ਅਖਬਾਰ ਸੰਡੇ ਟਾਈਮਜ਼ ਨੇ 17 ਜਨਵਰੀ ਨੂੰ ਇੱਕ ਰਿਪੋਰਟ ਛਾਪੀ ਸੀ, ਜਿਸਦਾ ਸਿਰਲੇਖ ਸੀ – 'ਹਿਮਾਲੀਅਨ ਗਲੇਸ਼ੀਅਰਾਂ ਦੇ ਪਿਘਲਣ ਦੇ ਮੁੱਦੇ ਉੱਤੇ ਦੁਨੀਆਂ ਨੂੰ ਗੁੰਮਰਾਹ ਕੀਤਾ ਗਿਆ।' ਇਸ ਰਿਪੋਰਟ ਵਿੱਚ ਨੈਨੀਤਾਲ ਦੇ ਇੱਕ ਬ੍ਰਾਹਮਣ ਡਾ. ਰਾਜਿੰਦਰ ਕੁਮਾਰ ਪਚੌਰੀ ਦੀ ਅਗਵਾਈ ਵਾਲੇ 'ਵਾਤਾਵਰਣ ਤਬਦੀਲੀ ਸਬੰਧੀ ਅੰਤਰਰਾਸ਼ਟਰੀ ਪੈਨਲ' ਦੇ ਖੋਖਲੇ ਦਾਅਵਿਆਂ ਨੂੰ ਬੇਨਕਾਬ ਕੀਤਾ ਗਿਆ ਹੈ। ਪਚੌਰੀ ਉਦੋਂ ਤੋਂ ਹੀ ਅੰਤਰਰਾਸ਼ਟਰੀ ਮੀਡੀਏ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਜਦੋਂ ਤੋਂ ਇਸਨੂੰ ਓਸਲੋ ਵਿਖੇ ਹੋਏ ਨੋਬਲ ਪ੍ਰਾਈਜ਼ ਸਮਾਰੋਹ ਵਿੱਚ ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਅਤੇ ਵਾਤਾਵਰਣ ਲੇਖਕ ਐਲਗੋਰ ਨਾਲ ਆਈ. ਪੀ. ਸੀ. ਸੀ. ਨੂੰ ਪ੍ਰਤੀਨਿਧ ਕਰਨ ਦਾ ਮਾਣ ਮਿਲਿਆ ਹੈ।

ਸੰਡੇ ਟਾਈਮਜ਼ ਨੇ ਦਾਅਵਾ ਕੀਤਾ ਹੈ ਕਿ ਸੰਯੁਕਤ ਰਾਸ਼ਟਰ ਨੂੰ ਗਲੇਸ਼ੀਅਰਾਂ ਸਬੰਧੀ ਆਪਣੇ ਬਿਆਨ ਤੋਂ ਪਿੱਛੇ ਹਟਣਾ ਪੈ ਸਕਦਾ ਹੈ। ਦੋ ਸਾਲ ਪਹਿਲਾਂ 'ਵਾਤਾਵਰਣ ਤਬਦੀਲੀ ਸਬੰਧੀ ਅੰਤਰਸਰਕਾਰੀ ਪੈਨਲ' ਨੇ ਬੜੇ ਹੀ ਧੂਮ-ਧੜੱਕੇ ਨਾਲ ਆਪਣੀ ਇੱਕ ਰਿਪੋਰਟ ਜਾਰੀ ਕੀਤੀ ਸੀ,

ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਹ ਗਲੋਬਲ ਵਾਰਮਿੰਗ ਬਾਰੇ ਕੀਤੀ ਗਈ ਨਵੀਨਤਮ ਅਤੇ ਵਿਸਥਾਰਪੂਰਵਕ ਖੋਜ ਉੱਤੇ ਆਧਾਰਿਤ ਹੈ। ਇਸ ਰਿਪੋਰਟ ਦਾ ਮੁੱਖ ਦਾਅਵਾ ਇਹ ਸੀ ਕਿ ਦੁਨੀਆਂ ਭਰ ਦੇ ਗਲੇਸ਼ੀਅਰ ਬਹੁਤ ਤੇਜ਼ੀ ਨਾਲ ਗਾਇਬ ਹੋ ਰਹੇ ਹਨ ਅਤੇ ਹਿਮਾਲਿਆ ਦੇ 16,000 ਗਲੇਸ਼ੀਅਰ ਆਉਣ ਵਾਲੇ 25 ਸਾਲਾਂ, ਭਾਵ 2035 ਤੱਕ ਖਤਮ ਹੋ ਸਕਦੇ ਹਨ, ਜਿਸ ਨਾਲ ਦੱਖਣੀ ਏਸ਼ੀਆ ਦੇ ਖਿੱਤੇ ਵਿੱਚ ਰਹਿਣ ਵਾਲੇ ਕਰੋੜਾਂ ਲੋਕਾਂ ਨੂੰ ਕਾਲ ਅਤੇ ਸੋਕੇ ਦਾ ਸਾਹਮਣਾ ਕਰਨ ਪੈ ਸਕਦਾ ਹੈ। ਇਸ ਰਿਪੋਰਟ ਵਿੱਚ ਕਿਹਾ ਗਿਆ ਸੀ, "ਹਿਮਾਲਿਆ ਗਲੇਸ਼ੀਅਰ ਦੁਨੀਆਂ ਦੇ ਹੋਰ ਭਾਗਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਪਿਘਲ ਰਹੇ ਹਨ ਅਤੇ ਜੇਕਰ ਮੌਜੂਦਾ ਦਰ ਬਰਕਰਾਰ ਰਹੀ ਤਾਂ ਇਸ ਗੱਲ ਦੀ ਵੱਡੀ ਸੰਭਾਵਨਾ ਹੈ ਕਿ 2035 ਤੱਕ ਇਹ ਖਤਮ ਹੋ ਜਾਣਗੇ। ਜੇਕਰ ਧਰਤੀ ਦਾ ਤਾਪਮਾਨ ਮੌਜੂਦਾ ਦਰ ਨਾਲ ਵਧਦਾ ਰਿਹਾ ਤਾਂ ਹੋ ਸਕਦਾ ਹੈ ਕਿ ਇਹ ਇਸ ਤੋਂ ਪਹਿਲਾਂ ਹੀ ਖਤਮ ਹੋ ਜਾਣ।" ਰਿਪੋਰਟ ਵਿੱਚ ਇਹ ਦਾਅਵਾ ਵੀ ਕੀਤਾ ਗਿਆ ਸੀ ਕਿ ਗਲੇਸ਼ੀਅਰ ਦੇ ਖਤਮ ਹੋਣ ਦੀ ਸੰਭਾਵਨਾ 90 ਪ੍ਰਤੀਸ਼ਤ ਤੋਂ ਵਧੇਰੇ ਹੈ।

ਪਿਛਲੇ ਦਿਨੀਂ ਉਕਤ ਰਿਪੋਰਟ ਤਿਆਰ ਕਰਨ ਵਾਲੇ ਵਿਗਿਆਨੀਆਂ ਨੇ ਮੰਨਿਆ ਹੈ ਕਿ ਗਲੇਸ਼ੀਅਰਾਂ ਸਬੰਧੀ ਉਨ੍ਹਾਂ ਦਾ ਦਾਅਵਾ 'ਨਿਊ ਸਾਇੰਟਿਸਟ' ਨਾਂ ਦੇ ਇੱਕ ਰਸਾਲੇ ਵਿੱਚ ਛਪੀ ਇੱਕ ਖਬਰ ਸੀ ਅਤੇ ਇਸ ਖਬਰ ਦਾ ਆਧਾਰ ਜਵਾਹਰ ਲਾਲ ਯੂਨੀਵਰਸਿਟੀ ਦਿੱਲੀ ਦੇ ਇੱਕ ਵਿਗਿਆਨੀ ਸਈਅਦ ਹੁਸਨੈਨ ਨਾਲ ਕੀਤੀ ਗਈ ਟੈਲੀਫੋਨ ਮੁਲਾਕਾਤ ਸੀ। ਹੁਸਨੈਨ ਨੇ ਵੀ ਹੁਣ ਮੰਨਿਆ ਹੈ ਕਿ ਉਸਦਾ ਇਹ ਦਾਅਵਾ ਕਿ ਗਲੇਸ਼ੀਅਰ 2035 ਤੱਕ ਪਿਘਲ ਜਾਣਗੇ, ਮਹਿਜ਼ ਇੱਕ ਅੰਦਾਜ਼ਾ ਹੀ ਸੀ ਨਾ ਕਿ ਖੋਜ ਉੱਤੇ ਆਧਾਰਿਤ ਤੱਥ। ਆਈ. ਪੀ. ਸੀ. ਸੀ. ਦੀ ਰਿਪੋਰਟ ਵਿੱਚ ਗਲੇਸ਼ੀਅਰਾਂ ਵਾਲਾ ਭਾਗ ਲਿਖਣ ਵਾਲੇ ਮੁਰਾਰੀ ਲਾਲ, ਜੋ ਕਿ ਡਾ. ਰਾਜਿੰਦਰ ਕੁਮਾਰ ਪਚੌਰੀ ਦਾ ਕਰੀਬੀ ਸਾਥੀ ਹੈ, ਦਾ ਮੰਨਣਾ ਹੈ ਕਿ ਗਲੇਸ਼ੀਅਰਾਂ ਵਾਲਾ ਹਿੱਸਾ ਰਿਪੋਰਟ ਵਿੱਚੋਂ ਕੱਢ ਦੇਣਾ ਚਾਹੀਦਾ ਹੈ। ਉਸਦਾ ਕਹਿਣਾ ਹੈ, "ਜੇਕਰ ਹੁਸਨੈਨ ਨੇ ਅਧਿਕਾਰਿਤ ਤੌਰ 'ਤੇ ਕਿਹਾ ਹੈ ਕਿ ਉਸਨੇ ਅਜਿਹਾ ਦਾਅਵਾ ਨਹੀਂ ਕੀਤਾ ਜਾਂ ਇਹ ਗੱਲ ਗਲਤ ਧਾਰਨਾ ਉੱਤੇ ਆਧਾਰਿਤ ਹੈ, ਤਾਂ ਮੇਰੀ ਸਲਾਹ ਹੈ ਕਿ ਹਿਮਾਲੀਅਨ ਗਲੇਸ਼ੀਅਰਾਂ ਵਾਲਾ ਹਿੱਸਾ ਆਈ. ਪੀ. ਸੀ. ਸੀ. ਦੀਆਂ ਭਵਿੱਖ ਦੀਆਂ ਰਿਪੋਰਟਾਂ ਵਿੱਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ। ਗਲੇਸ਼ੀਅਰ ਵਿਗਿਆਨੀਆਂ ਦਾ ਕਹਿਣਾ ਹੈ ਕਿ ਹਿਮਾਲਿਅਨ ਗਲੇਸ਼ੀਅਰ ਸੈਂਕੜੇ ਫੁੱਟ ਡੂੰਘੇ ਹਨ ਅਤੇ ਉਨ੍ਹਾਂ ਦਾ 2035 ਤੱਕ ਖਤਮ ਹੋਣਾ ਮੁਮਕਿਨ ਨਹੀਂ। ਹੁਣ ਤੱਕ ਦਰਜ ਕੀਤੀ ਗਈ ਵੱਧ ਤੋਂ ਵੱਧ ਪਿਘਲਣ ਦੀ ਦਰ ਦੋ ਜਾਂ ਤਿੰਨ ਫੁੱਟ ਪ੍ਰਤੀ ਸਾਲ ਹੈ। ਸੰਡੇ ਟਾਈਮਜ਼ ਨੇ ਪ੍ਰੋਫੈਸਰ ਜੂਲੀਅਸ ਡੈਡੈਸਵੈੱਲ, ਜੋ ਕਿ ਕੈਂਬਰਿਜ ਯੂਨੀਵਰਸਿਟੀ ਦੇ ਸਕਾਟਪੋਲਰ ਰਿਸਰਚ ਇੰਸਟੀਚਿਊਟ ਦੇ ਡਾਇਰੈਕਟਰ ਹਨ, ਦੇ ਹਵਾਲੇ ਨਾਲ ਲਿਖਿਆ ਹੈ, "ਡੋਕਰਿਆਨੀ ਵਰਗਾ ਇੱਕ ਛੋਟਾ ਜਿਹਾ ਗਲੇਸ਼ੀਅਰ ਵੀ 120 ਮੀਟਰ ਮੋਟਾ ਹੈ। ਵੱਡੇ ਗਲੇਸ਼ੀਅਰਾਂ ਦੀ ਮੋਟਾਈ ਸੈਂਕੜੇ ਮੀਟਰ ਅਤੇ ਲੰਬਾਈ ਕਿਲੋਮੀਟਰਾਂ ਵਿੱਚ ਹੈ। ਔਸਤਨ ਮੋਟਾਈ 300 ਮੀਟਰ ਹੈ। ਜੇ 300 ਮੀਟਰ ਮੋਟਾਈ ਵਾਲਾ ਗਲੇਸ਼ੀਅਰ 5 ਮੀਟਰ ਪ੍ਰਤੀ ਸਾਲ ਦੀ ਦਰ ਨਾਲ ਵੀ ਪਿਘਲੇ ਤਾਂ ਇਸ ਨੂੰ ਖਤਮ ਹੋਣ ਵਿੱਚ 60 ਸਾਲ ਲੱਗ ਜਾਣਗੇ। ਪਰ ਏਨੀ ਤੇਜ਼ੀ ਨਾਲ ਅੱਜ ਤੱਕ ਕਿਸੇ ਵੀ ਗਲੇਸ਼ੀਅਰ ਨੂੰ ਪਿਘਲਦੇ ਨਹੀਂ ਦੇਖਿਆ ਗਿਆ। ਇਸ ਲਈ ਇਹ ਕਹਿਣਾ ਕਿ 2035 ਤੱਕ ਸਭ ਕੁਝ ਖਤਮ ਹੋ ਜਾਵੇਗਾ, ਠੀਕ ਨਹੀਂ ਜਾਪਦਾ।"

ਵਾਤਵਰਣ ਤਬਦੀਲੀ ਸਬੰਧੀ ਅੰਤਰ-ਸਰਕਾਰੀ ਪੈਨਲ (ਆਈ. ਪੀ. ਸੀ. ਸੀ.) ਦਾ ਗਠਨ 1988 ਵਿੱਚ ਕੀਤਾ ਗਿਆ ਸੀ ਤਾਂ ਕਿ ਵਿਗਿਆਨਕ ਅਤੇ ਤਕਨੀਕੀ ਡਾਟੇ ਦੀ ਜਾਂਚ-ਪੜਤਾਲ ਕੀਤੀ ਜਾ ਸਕੇ। ਆਈ. ਪੀ. ਸੀ. ਸੀ. ਦੀ ਸਥਾਪਨਾ ਇਸ ਉਦੇਸ਼ ਨਾਲ ਕੀਤੀ ਗਈ ਸੀ ਕਿ ਦੁਨੀਆਂ ਭਰ ਦੇ ਲੀਡਰਾਂ ਨੂੰ ਮਨੁੱਖੀ ਗਤੀਵਿਧੀਆਂ ਰਾਹੀਂ ਹੋਣ ਵਾਲੀ ਵਾਤਾਵਰਣ ਤਬਦੀਲੀ ਸਬੰਧੀ ਸਹੀ ਜਾਣਕਾਰੀ ਮਿਲਦੀ ਰਹੇ। ਆਈ. ਪੀ. ਸੀ. ਸੀ. ਨੂੰ 2007 ਦਾ ਨੋਬਲ ਸ਼ਾਂਤੀ ਪੁਰਸਕਾਰ ਸਾਬਕਾ ਅਮਰੀਕੀ ਉਪ ਰਾਸ਼ਟਰਪਤੀ ਐਲਗੋਰ ਨਾਲ ਸਾਂਝੇ ਤੌਰ ਉੱਤੇ ਮਿਲਿਆ ਸੀ। ਰਾਜਿੰਦਰ ਕੁਮਾਰ ਪਚੌਰੀ, ਜਿਹੜਾ ਹੁਣ ਚੱਲ ਰਹੇ ਵਿਵਾਦ ਦਾ ਕੇਂਦਰ ਬਣਿਆ ਹੋਇਆ ਹੈ, 20 ਅਪਰੈਲ 2002 ਤੋਂ ਆਈ. ਪੀ. ਸੀ. ਸੀ. ਦੀ ਅਗਵਾਈ ਕਰ ਰਿਹਾ ਹੈ। ਉਹ ਭਾਰਤ ਅਤੇ ਹੋਰਨਾਂ ਦੇਸ਼ਾਂ ਵਿੱਚ ਕੰਮ ਕਰਨ ਵਾਲੀਆਂ ਹੋਰ ਵੀ ਕਈ ਸੰਸਥਾਵਾਂ ਵਿੱਚ ਅਹੁਦੇਦਾਰ ਹੈ।

ਬਰਤਾਨੀਆ ਦੇ ਇੱਕ ਹੋਰ ਪ੍ਰਸਿੱਧ ਅਖਬਾਰ ਡੇਲੀ ਟੈਲੀਗ੍ਰਾਫ ਨੇ ਦਾਅਵਾ ਕੀਤਾ ਹੈ ਕਿ ਡਾ. ਰਾਜਿੰਦਰ ਕੁਮਾਰ ਪਚੌਰੀ ਆਈ. ਪੀ. ਸੀ. ਸੀ. ਦੇ ਚੇਅਰਮੈਨ ਅਤੇ ਹੋਰ ਕੰਪਨੀਆਂ ਅਤੇ ਸੰਸਥਾਵਾਂ ਦੇ ਵਾਤਾਵਰਣ ਮਾਹਿਰ ਵਜੋਂ ਵਿਰੋਧੀ ਹਿੱਤਾਂ ਦੇ ਟਕਰਾਵਾਂ ਵਿੱਚ ਘਿਰਿਆ ਹੋਇਆ ਹੈ। ਕਈ ਰਿਪੋਰਟਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪਚੌਰੀ ਨੇ ਆਪਣੇ ਪ੍ਰਭਾਵ ਨੂੰ ਵਰਤ ਕੇ ਆਪਣੀ ਹੀ ਇੱਕ ਸੰਸਥਾ ਟੀ. ਵੀ. ਆਰ. ਆਈ. ਲਈ ਲੱਖਾਂ ਪੌਂਡ ਦੇ ਫੰਡ ਇਕੱਤਰ ਕੀਤੇ ਹਨ। ਅਖਬਾਰਾਂ ਨੇ ਇਹ ਵੀ ਦੱਸਿਆ ਹੈ ਕਿ ਬਰਤਾਨਵੀ ਕਰਦਾਤਾਵਾਂ ਦੇ 10 ਮਿਲੀਅਨ ਪੌਂਡ ਆਉਣ ਵਾਲੇ ਪੰਜ ਸਾਲਾਂ ਦੌਰਾਨ ਡਾ. ਰਾਜਿੰਦਰ ਕੁਮਾਰ ਪਚੌਰੀ ਦੀ ਸੰਸਥਾ ਨੂੰ ਦਿੱਤੇ ਜਾਣੇ ਹਨ। ਇਹ ਰਕਮ ਬਰਤਾਨਵੀ ਸਰਕਾਰ ਦੇ ਵਿਭਾਗ 'ਡਿਪਾਰਟਮੈਂਟ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ' ਰਾਹੀਂ ਦਿੱਤੀ ਜਾਂਦੀ ਹੈ। ਪਚੌਰੀ ਵਾਤਾਵਰਣ ਸਬੰਧੀ ਸਭ ਤੋਂ ਅਹਿਮ ਅਹੁਦਿਆਂ ਉੱਤੇ ਕਾਬਜ਼ ਹੈ ਅਤੇ ਇਸ ਨਾਲ ਉਹ ਆਪਣੇ ਵਪਾਰਕ ਹਿੱਤਾਂ ਨੂੰ ਅੱਗੇ ਵਧਾ ਰਿਹਾ ਹੈ।

ਇਹ ਸਪੱਸ਼ਟ ਹੈ ਕਿ ਡਾ. ਰਾਜਿੰਦਰ ਕੁਮਾਰ ਪਚੌਰੀ ਅਤੇ ਵਾਤਾਵਰਣ ਸਬੰਧੀ ਉਸਦੀ ਮੁਹਾਰਤ ਬੇਨਕਾਬ ਹੋ ਚੁੱਕੇ ਹਨ। ਜੇਕਰ ਉਸ ਨੂੰ ਭੋਰਾ ਵੀ ਸ਼ਰਮ ਹੈ ਤਾਂ ਉਸਨੂੰ ਤੁਰੰਤ ਵਾਤਾਵਰਣ ਸਬੰਧੀ ਅੰਤਰਰਾਸ਼ਟਰੀ ਮੰਚ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਇਸ ਸਬੰਧੀ ਬਰਤਾਨਵੀ ਵਿਅੰਗਕਾਰ ਜੋਨਾਥਨ ਸਵਿਫਟ ਦੀ ਇਹ ਟਿੱਪਣੀ ਢੁੱਕਦੀ ਹੈ – "ਮੈਨੂੰ ਇਸ ਗੱਲ 'ਤੇ ਹੈਰਾਨੀ ਨਹੀਂ ਹੁੰਦੀ ਕਿ ਮਨੁੱਖ ਮਾੜੇ ਕੰਮ ਕਰਦੇ ਹਨ, ਪਰ ਇਸ ਗੱਲ ਉੱਤੇ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਨੂੰ ਆਪਣੇ ਮਾੜੇ ਕੰਮਾਂ ਉੱਤੇ ਕਦੇ ਵੀ ਸ਼ਰਮ ਨਹੀਂ ਆਉਂਦੀ।" ਇਉਂ ਲਗਦਾ ਹੈ ਜਿਵੇਂ ਡਾ. ਰਾਜਿੰਦਰ ਕੁਮਾਰ ਪਚੌਰੀ ਵੀ ਆਪਣੇ ਕੰਮਾਂ ਉੱਤੇ ਸ਼ਰਮਸਾਰ ਨਹੀਂ ਹੋਵੇਗਾ।